BCFSA BC Financial Services Authority

# ਰਿਹਾਇਸ਼ੀ ਮਕਾਨ ਕਿਰਾਏ ’ਤੇ ਲੈਣਾ: ਕਿਰਾਏਦਾਰਾਂ ਨੂੰ ਕੀ ਜਾਣਨ ਦੀ ਲੋੜ ਹੈ

**ਬੀ ਸੀ ਫਾਈਨੈਂਸ਼ਿਅਲ ਸਰਵਿਸਜ਼ ਅਥਾਰਟੀ** ਕਾਨੂੰਨ ਵੱਲੋਂ ਸਥਾਪਤ ਕੀਤੀ ਗਈ ਨਿਯਮ ਲਾਗੂ ਕਰਨ ਵਾਲੀ ਏਜੰਸੀ ਹੈ ਜਿਹੜੀ ਇਹ ਯਕੀਨੀ ਬਣਾਉਣ ਲਈ ਕੰਮ ਕਰਦੀ ਹੈ ਕਿ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ਕੋਲ ਤੁਹਾਨੂੰ ਉੱਚ ਪੱਧਰ ਦੀਆਂ ਸੇਵਾਵਾਂ ਦੇਣ ਲਈ ਯੋਗਤਾਵਾਂ ਅਤੇ ਗਿਆਨ ਹੋਵੇ। ਸਾਰੇ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ਲਈ ਉਹਨਾਂ ਨਿਯਮਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ ਜੋ ਤੁਹਾਡੇ ਵਰਗੇ ਖਪਤਕਾਰਾਂ ਦੀ ਸੁਰੱਖਿਆ ਕਰਦੇ ਹੋਣ। ਅਸੀਂ ਰੀਅਲ ਇਸਟੇਟ ਦੇ ਇਕ ਖਪਤਕਾਰ ਵੱਜੋਂ ਆਪਣੇ ਹੱਕਾਂ ਬਾਰੇ ਜਾਣਕਾਰੀ ਲੈਣ ਵਿੱਚ ਤੁਹਾਡੀ ਮਦਦ ਕਰਨ ਲਈ ਇੱਥੇ ਹਾਜ਼ਰ ਹਾਂ।

**ਆਪਣੀ ਜਾਣਕਾਰੀ ਲਈ ਜਾਣਕਾਰੀ ਵਾਲੇ ਇਸ ਸਫੇ ਨੂੰ ਆਪਣੇ ਕੋਲ ਰੱਖੋ।**

## ਰੀਅਲ ਇਸਟੇਟ ਪ੍ਰੋਫੈਸ਼ਨਲਾਂ ਲਈ ਸੇਵਾਵਾਂ ਪ੍ਰਦਾਨ ਕਰਨ ਤੋਂ ਪਹਿਲਾਂ ਤੁਹਾਨੂੰ ਖਪਤਕਾਰਾਂ ਲਈ ਇਹ ਜਾਣਕਾਰੀ ਦੇਣਾ ਕਾਨੂੰਨੀ ਤੌਰ ’ਤੇ ਜ਼ਰੂਰੀ ਹੈ

ਬੀ ਸੀ ਫਾਈਨੈਂਸ਼ਿਅਲ ਸਰਵਿਸਜ਼ ਅਥਾਰਟੀ ਵੱਲੋਂ ਤਿਆਰ ਕੀਤੀ ਇਹ ਜਾਣਕਾਰੀ ਰੀਅਲ ਇਸਟੇਟ ਪ੍ਰੋਫੈਸ਼ਨਲ ਦੀ ਉਸ ਸਮੇਂ ਦੀ ਭੂਮਿਕਾ ਬਾਰੇ ਦਸਦੀ ਹੈ ਜਦੋਂ ਤੁਸੀਂ ਕੋਈ ਮਕਾਨ ਕਿਰਾਏ ’ਤੇ ਲੈਣ ਬਾਰੇ ਸੋਚ ਰਹੇ ਹੋਵੋ।

**ਜਿਸ ਰੀਅਲ ਇਸਟੇਟ ਪ੍ਰੋਫੈਸ਼ਨਲ ਨੇ ਤੁਹਾਨੂੰ ਇਹ ਫਾਰਮ ਦਿੱਤਾ ਹੈ, ਉਹ ਕਿਰਾਏ ’ਤੇ ਦਿੱਤੇ ਜਾਣ ਵਾਲੇ ਇਸ ਰਿਹਾਇਸ਼ੀ ਮਕਾਨ ਦੇ ਮਾਲਕ ਦਾ ਨੁਮਾਇੰਦਾ ਹੈ।**

ਬੇਸ਼ੱਕ ਇਹ ਰੀਅਲ ਇਸਟੇਟ ਪ੍ਰੋਫੈਸ਼ਨਲ ਕਿਰਾਏ ’ਤੇ ਦਿੱਤੇ ਜਾਣ ਵਾਲੇ ਇਸ ਰਿਹਾਇਸ਼ੀ ਮਕਾਨ ਦੇ ਸੰਭਾਵੀ ਕਿਰਾਏਦਾਰ ਵੱਜੋਂ ਤੁਹਾਨੂੰ ਕੁੱਝ ਸੀਮਤ ਸੇਵਾਵਾਂ ਦੇ ਸਕਦਾ ਹੈ, ਪਰ ਉਸ ਦਾ ਫਰਜ਼ ਮਾਲਕ ਦੀ ਵਫਾਦਾਰੀ ਹੈ ਅਤੇ ਉਹ ਮਾਲਕ ਦੇ ਬਿਹਤਰ ਹਿੱਤਾਂ ਲਈ ਕੰਮ ਕਰ ਰਿਹਾ ਹੈ।

**ਇਹ ਫਾਰਮ ਇਹ ਤੈਅ ਕਰਦਾ ਹੈ ਕਿ ਇਹ ਰੀਅਲ ਇਸਟੇਟ ਪ੍ਰੋਫੈਸ਼ਨਲ ਕਿਰਾਏ ’ਤੇ ਦਿੱਤੇ ਜਾਣ ਵਾਲੇ ਇਸ ਮਕਾਨ ਦੇ ਸੰਬੰਧ ਵਿੱਚ ਇਕ ਸੰਭਾਵੀ ਕਿਰਾਏਦਾਰ ਵੱਜੋਂ ਤੁਹਾਡੇ ਲਈ ਕੀ ਕਰ ਸਕਦਾ ਹੈ ਅਤੇ ਕੀ ਨਹੀਂ ਕਰ ਸਕਦਾ।**

### ਉਹ ਇਹ ਨਹੀਂ ਕਰ ਸਕਦਾ:

- ✕ ਕਿਰਾਏਦਾਰੀ ਦੇ ਇਕਰਾਰਨਾਮੇ (ਟੈਨੇਂਸੀ ਐਗਰੀਮੈਂਟ) ਵਿੱਚ ਸ਼ਾਮਲ ਕਰਨ ਵਾਲੀਆਂ ਸ਼ਰਤਾਂ ਅਤੇ ਹਾਲਤਾਂ ਬਾਰੇ ਸਲਾਹ ਨਹੀਂ ਦੇ ਸਕਦਾ
- ✕ ਤੁਹਾਡੇ ਵੱਲੋਂ ਸੌਦੇਬਾਜ਼ੀ ਨਹੀਂ ਕਰ ਸਕਦਾ
- ✕ ਮਾਲਕ ਦੀ ਕੋਈ ਵੀ ਗੁਪਤ ਜਾਣਕਾਰੀ ਤੁਹਾਡੇ ਨਾਲ ਸਾਂਝੀ ਨਹੀਂ ਕਰ ਸਕਦਾ

### ਉਹ ਇਹ ਕਰ ਸਕਦਾ ਹੈ

- ✓ ਕਿਰਾਏ ਦੇ ਮਕਾਨਾਂ ਦੀ ਮਾਰਕੀਟ ਬਾਰੇ ਅੰਕੜੇ ਅਤੇ ਆਮ ਜਾਣਕਾਰੀ ਸਾਂਝੀ ਕਰ ਸਕਦਾ ਹੈ
- ✓ ਤੁਹਾਨੂੰ ਕਿਰਾਏਦਾਰੀ ਦੀ ਅਰਜ਼ੀ ਅਤੇ/ਜਾਂ ਕਿਰਾਏਦਾਰੀ ਦੇ ਇਕਰਾਰਨਾਮੇ (ਟੈਨੇਂਸੀ ਐਗਰੀਮੈਂਟ) ਵਰਗੇ ਨਮੂਨੇ ਦੇ (ਸਟੈਂਡਰਡ) ਫਾਰਮ ਅਤੇ ਇਕਰਾਰਨਾਮੇ ਦੇ ਸਕਦਾ ਹੈ
- ✓ ਮਕਾਨ ਦਿਖਾ ਸਕਦਾ ਹੈ
- ✓ ਕਿਰਾਏਦਾਰੀ ਦਾ ਇਕਰਾਰਨਾਮਾ (ਟੈਨੇਂਸੀ ਐਗਰੀਮੈਂਟ) ਭਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ
- ✓ ਆਪਣੇ ਕਲਾਇੰਟ ਤੱਕ ਤੁਹਾਡੇ ਸੁਨੇਹੇ ਅਤੇ ਆਫਰਾਂ ਪਹੁੰਚਾ ਸਕਦਾ ਹੈ

ਕਿਉਂਕਿ ਇਹ ਰੀਅਲ ਇਸਟੇਟ ਪ੍ਰੋਫੈਸ਼ਨਲ ਮਾਲਕ ਦੇ ਬਿਹਤਰ ਹਿੱਤਾਂ ਲਈ ਕੰਮ ਕਰ ਰਿਹਾ ਹੈ, ਇਸ ਲਈ ਤੁਹਾਡੇ ਵੱਲੋਂ ਦਿੱਤੀ ਜ਼ਰੂਰੀ ਜਾਣਕਾਰੀ ਮਾਲਕ ਨਾਲ ਸਾਂਝੀ ਕਰਨਾ ਉਸ ਦਾ ਫਰਜ਼ ਹੈ, ਜਿਸ ਵਿੱਚ ਉਦਾਹਰਨ ਲਈ ਇਹ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ: ਤੁਹਾਡੇ ਕਾਰਨ, ਤੁਹਾਡੀਆਂ ਮਾਇਕ ਸਮਰੱਥਾਵਾਂ ਅਤੇ ਤੁਹਾਡੀ ਪਸੰਦ ਦੀਆਂ ਸ਼ਰਤਾਂ ਅਤੇ ਹਾਲਤਾਂ।

**ਕਿਰਾਏਦਾਰਾਂ ਅਤੇ ਮਕਾਨ ਮਾਲਕਾਂ ਦੇ ਹੱਕਾਂ ਅਤੇ ਜ਼ਿੰਮੇਵਾਰੀਆਂ ਬਾਰੇ ਜਾਣਕਾਰੀ ਅੱਗੇ ਦਿੱਤੀਆਂ ਥਾਂਵਾਂ ਤੋਂ ਲਵੋ:**

- ਬੀ ਸੀ ਦੀ ਰੈਜ਼ੀਡੈਂਸ਼ਿਲ ਟੈਨੇਂਸੀ ਬ੍ਰਾਂਚ: gov.bc.ca/landlordtenant
- ਟੈਨੇਂਟ ਰੀਸੋਰਸ ਐਂਡ ਐਡਵਾਈਜ਼ਰੀ ਸੈਂਟਰ: tenants.bc.ca

ਸੰਭਾਵੀ ਕਿਰਾਏਦਾਰ ਦੇ ਤੌਰ ’ਤੇ ਕਿਰਾਏ ’ਤੇ ਮਕਾਨ ਲੈਣ ਬਾਰੇ ਤੁਹਾਨੂੰ ਆਜ਼ਾਦ ਤੌਰ ’ਤੇ ਪ੍ਰੋਫੈਸ਼ਨਲ (ਪੇਸ਼ਾਵਰ ) ਸਲਾਹ ਲੈਣ ਬਾਰੇ ਸੋਚਣਾ ਚਾਹੀਦਾ ਹੈ।



ਰੀਅਲ ਇਸਟੇਟ ਸੌਦਿਆਂ ਬਾਰੇ ਜਾਣਕਾਰੀ ਲੈਣ ਲਈ, ਸਾਨੂੰ ਕੋਈ ਸਵਾਲ ਪੁੱਛਣ ਲਈ, ਸ਼ਿਕਾਇਤ ਦਰਜ ਕਰਵਾਉਣ ਲਈ ਜਾਂ ਗੁਪਤ ਸੂਹ ਦੇਣ ਲਈ ਸਾਡੇ ਨਾਲ ਸੰਪਰਕ ਕਰੋ। 1 866 206 3030 | ਗੁਪਤ ਸੂਹ ਦੇਣ ਲਈ ਲਾਈਨ: 1 833 420 2400 | info@bcfsa.ca

You're Protected / bcfsa.ca

# ਰਿਹਾਇਸ਼ੀ ਮਕਾਨ ਕਿਰਾਏ ’ਤੇ ਲੈਣਾ: ਕਿਰਾਏਦਾਰਾਂ ਨੂੰ ਕੀ ਜਾਣਨ ਦੀ ਲੋੜ ਹੈ

**ਰਿਹਾਇਸ਼ੀ ਕਿਰਾਏਦਾਰੀ ਲਈ ਡਿਸਕਲੋਜ਼ਰ (ਜਾਣਕਾਰੀ)**

**ਰੀਅਲ ਇਸਟੇਟ ਸਰਵਿਸਜ਼ ਰੂਲਜ਼ ਦੇ ਸੈਕਸ਼ਨ 54 ਅਤੇ 55 ਦੀ ਪਾਲਣਾ ਕਰਨ ਲਈ ਇਸ ਡਿਸਕਲੋਜ਼ਰ ਫਾਰਮ (ਜਾਣਕਾਰੀ ਦੇਣ ਵਾਲੇ ਫਾਰਮ) ਬਾਰੇ ਦੱਸਿਆ ਜਾਣਾ ਜ਼ਰੂਰੀ ਹੈ। ਰੀਅਲ ਇਸਟੇਟ ਪ੍ਰੋਫੈਸ਼ਨਲ ਲਈ ਇਸ ਡਿਸਕਲੋਜ਼ਰ ਫਾਰਮ ਦੇ ਨਾਲ ਨਾਲ ਰਿਹਾਇਸ਼ੀ ਮਕਾਨ ਕਿਰਾਏ ’ਤੇ ਲੈਣਾ: ਕਿਰਾਏਦਾਰਾਂ ਨੂੰ ਕੀ ਜਾਣਨ ਦੀ ਲੋੜ ਹੈ ਨਾਂ ਦਾ ਜਾਣਕਾਰੀ ਦੇਣ ਵਾਲਾ ਸਫਾ ਤੁਹਾਨੂੰ ਦੇਣਾ ਜ਼ਰੂਰੀ ਹੈ।**

## REAL ESTATE PROFESSIONAL DISCLOSURE DETAILS

I disclose that I represent the owner of this rental property. I cannot represent you or act on your behalf.

Name

Team name and members. *The duties of a real estate professional as outlined in this form apply to all team members.*

Brokerage

Signature        Date

Rental property address

Notes:

## CONSUMER ACKNOWLEDGMENT:

**This is NOT a contract**

I acknowledge that I have received the **Renting Residential Property: What Tenants Need to Know** consumer information page and this disclosure form.

I understand that the real estate professional named above is not representing me as a client or acting on my behalf in this transaction.

| | |
|---|---|
| Name (optional) | Name (optional) |
| Initials (optional)   Date | Initials (optional)   Date |

ਇਸ ਡਿਸਕਲੋਜ਼ਰ ਦੀ ਕਾਪੀ ਬੀ ਸੀ ਫਾਈਨੈਂਸ਼ਿਅਲ ਸਰਵਿਸਜ਼ ਅਥਾਰਟੀ ਨੂੰ ਦੇਣਾ ਜ਼ਰੂਰੀ ਨਹੀਂ ਹੈ ਜੇ ਇਸ ਦੀ ਖਾਸ ਤੌਰ ’ਤੇ ਮੰਗ ਨਾ ਕੀਤੀ ਹੋਵੇ।